ਰਾਜ ਜਲ ਸਰੋਤ ਨਿਯੰਤਰਣ ਬੋਰਡ

# ਸਤੰਬਰ 17, 2024

# ਟੁਲੇ ਸਬਬੇਸਿਨ ਪ੍ਰੋਬੇਸ਼ਨਰੀ ਸੁਣਵਾਈ ਏਜੰਡਾ

ਕੈਲੀਫੋਰਨੀਆ ਰਾਜ ਜਲ ਸਰੋਤ ਨਿਯੰਤਰਣ ਬੋਰਡ (ਰਾਜ ਜਲ ਬੋਰਡ ਜਾਂ ਬੋਰਡ) 17 ਸਤੰਬਰ, 2024 ਨੂੰ ਇੱਕ ਜਨਤਕ ਸੁਣਵਾਈ ਕਰੇਗਾ ਤਾਂ ਜੋ ਇਹ ਵਿਚਾਰ ਕੀਤਾ ਜਾ ਸਕੇ ਕਿ ਕੀ ਦੀਰਘਕਾਲਕ ਧਰਤੀ ਹੇਠਲੇ ਪਾਣੀ ਪ੍ਰਬੰਧਨ ਐਕਟ (SGMA) ਦੇ ਤਹਿਤ ਟੁਲੇ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਬੇਸਿਨ ਦੇ ਤੌਰ 'ਤੇ ਘੋਸ਼ਿਤ ਕੀਤਾ ਜਾਵੇ। ਸੁਣਵਾਈ ਲਈ ਪਾਰਕਿੰਗ ਅਤੇ ਪਹੁੰਚਯੋਗਤਾ ਬਾਰੇ ਜਾਣਕਾਰੀ ਵਾਸਤੇ ਟੁਲੇ ਪ੍ਰੋਬੇਸ਼ਨਰੀ ਸੁਣਵਾਈ ਨੋਟਿਸ ਦੇਖੋ।

ਇਹ ਸੁਣਵਾਈ ਏਜੰਡਾ, ਸੁਣਵਾਈ ਸੰਬੰਧੀ ਉਮੀਦ ਕੀਤੇ ਸਮਾਗਮਾਂ ਦੇ ਅਨੁਮਾਨਿਤ ਕ੍ਰਮ ਬਾਰੇ ਵਰਣਨ ਕਰਦਾ ਹੈ, ਜੋ 17 ਸਤੰਬਰ, 2024 ਦੀ ਬੋਰਡ ਮੀਟਿੰਗ ਵਿੱਚ ਬੋਰਡ ਦੇ ਸਾਹਮਣੇ ਇੱਕ ਮੁੱਦਾ ਬਣਾਉਂਦਾ ਹੈ। ਸੁਣਵਾਈ ਸਵੇਰੇ 9:00 ਵਜੇ ਸ਼ੁਰੂ ਹੋ ਸਕਦੀ ਹੈ, ਪਰ ਇਸ ਤੋਂ ਪਹਿਲਾਂ ਨਹੀਂ। ਸਮਾਗਮ ਸੰਬੰਧੀ ਸਮਾਂ ਸੀਮਾਵਾਂ, ਬਰੇਕ, ਪੈਨਲ ਜੋ ਸ਼ਾਮਲ ਕੀਤੇ ਗਏ ਹਨ, ਅਤੇ ਸਮਾਗਮਾਂ ਦਾ ਕ੍ਰਮ ਬੋਰਡ ਚੇਅਰਮੈਨ ਦੀ ਮਰਜ਼ੀ ਅਨੁਸਾਰ ਬਦਲ ਸਕਦਾ ਹੈ। ਬੋਰਡ ਦੇ ਸਵਾਲ ਅਤੇ ਵਿਚਾਰ ਵਟਾਂਦਰੇ ਸਮਾਗਮ ਦੇ ਸ਼ੁਰੂਆਤੀ ਸਮੇਂ ਤੋਂ ਆਖਰੀ ਸਮੇਂ ਤੱਕ ਹੋ ਸਕਦੇ ਹਨ।

## ਸੁਣਵਾਈ ਏਜੰਡਾ

1. ਚੁਣੇ ਹੋਏ ਅਧਿਕਾਰੀਆਂ ਜਾਂ ਕੈਲੀਫੋਰਨੀਆ ਮੂਲ ਅਮਰੀਕੀ ਕਬੀਲਿਆਂ ਦੁਆਰਾ ਜਨਤਕ ਟਿੱਪਣੀਆਂ
2. ਰਾਜ ਜਲ ਬੋਰਡ ਦੇ ਸਟਾਫ ਦੀਆਂ ਸਿਫਾਰਸ਼ਾਂ ਦੀ ਪੇਸ਼ਕਾਰੀ
3. ਟੁਲੇ ਸਬਬੇਸਿਨ ਧਰਤੀ ਹੇਠਲੇ ਪਾਣੀ ਦੀ ਸਥਿਰਤਾ ਸੰਬੰਧੀ ਏਜੰਸੀਆਂ (GSAs) ਰਾਹੀਂ ਪੈਨਲ ਪੇਸ਼ਕਾਰੀ

*ਬਰੇਕ*

4. ਟੁਲੇ ਸਬਬੇਸਿਨ ਲਈ ਹੋਰ ਵਿਸ਼ੇਸ਼ ਪੈਨਲ
5. ਆਮ ਜਨਤਕ ਟਿੱਪਣੀ
6. ਪ੍ਰੋਬੇਸ਼ਨਰੀ ਵਜੋਂ ਘੋਸ਼ਿਤ ਕਰਨ ਸੰਬੰਧੀ ਬੋਰਡ ਦੇ ਵਿਚਾਰ ਵਟਾਂਦਰੇ ਅਤੇ ਸੰਭਾਵਿਤ ਵੋਟ

**ਭਾਗ ਕਿਵੇਂ ਲੈਣਾ ਹੈ**

ਰਾਜ ਜਲ ਬੋਰਡ, ਹੇਠਾਂ ਦੱਸੇ ਸਮੇਂ ਅਤੇ ਸਥਾਨ 'ਤੇ ਜਨਤਕ ਸੁਣਵਾਈ ਕਰੇਗਾ। ਜੇਕਰ ਤੁਸੀਂ ਦੂਰ-ਦੁਰਾਡੇ ਬੈਠੇ ਹੋ ਤਾਂ ਵੀ ਇਸ ਵਿੱਚ ਭਾਗ ਲੈਣ ਦੇ ਵਿਕਲਪ ਹਨ। ਜੇ ਤੁਸੀਂ ਦੂਰ-ਦੁਰਾਡੇ ਬੈਠੇ ਕੇ ਭਾਗ ਲੈ ਰਹੇ ਹੋ ਅਤੇ ਕੋਈ ਜਨਤਕ ਟਿੱਪਣੀ ਕਰਨਾ ਚਾਹੁੰਦੇ ਹੋ ਜਾਂ ਪੈਨਲ ਪੇਸ਼ਕਾਰੀ ਦਾ ਹਿੱਸਾ ਹੋ, ਤਾਂ ਹੇਠਾਂ ਦਿੱਤੀਆਂ ਹਦਾਇਤਾਂ ਦੇਖੋ। ਜੇ ਤੁਸੀਂ ਬੋਲਣਾ ਨਹੀਂ ਚਾਹੁੰਦੇ, ਤਾਂ ਜਨਤਕ ਸੁਣਵਾਈ ਦੇ ਅੰਗਰੇਜ਼ੀ, ਸਪੈਨਿਸ਼ ਅਤੇ ਪੰਜਾਬੀ ਵੈੱਬਕਾਸਟ ਨੂੰ video.calepa.ca.gov 'ਤੇ ਦੇਖ ਸਕਦੇ ਹੋ।

**<u>ਜਨਤਕ ਬੋਰਡ ਸੁਣਵਾਈ</u>**

**ਮੰਗਲਵਾਰ, ਸਤੰਬਰ 17, 2024 ਸਵੇਰੇ 9:00 ਵਜੇ**

<u>ਵਿਅਕਤੀਗਤ ਤੌਰ 'ਤੇ ਭਾਗ ਲੈਣ ਲਈ ਸਥਾਨ</u>

Coastal Hearing Room<br>
Joe Serna Jr. CalEPA Headquarters Building<br>
1001 I Street, Second Floor<br>
Sacramento, CA 95814

ਸਪੈਨਿਸ਼ ਅਤੇ ਪੰਜਾਬੀ ਵਿਆਖਿਆ ਪ੍ਰਦਾਨ ਕੀਤੀ ਜਾਵੇਗੀ। ਸਪੈਨਿਸ਼ ਜਾਂ ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾ ਸੇਵਾਵਾਂ ਵਾਸਤੇ, ਕਿਰਪਾ ਕਰਕੇ 916.341-5254 ਜਾਂ OPP-LanguageServices@waterboards.ca.gov 'ਤੇ ਸੰਪਰਕ ਕਰੋ

**ਜਨਤਕ ਟਿੱਪਣੀਆਂ।** ਜਨਤਕ ਮੈਂਬਰ ਵੀਰਵਾਰ, 12 ਸਤੰਬਰ, 2024 ਨੂੰ ਦੁਪਹਿਰ 12:00 ਵਜੇ ਤੋਂ ਬਾਅਦ ਦੀਰਘਕਾਲਕ ਧਰਤੀ ਹੇਠਲੇ ਪਾਣੀ ਪ੍ਰਬੰਧਨ ਦੇ ਦਫਤਰ ਨਾਲ ਸੰਪਰਕ ਕਰਕੇ ਜਨਤਕ ਪ੍ਰੋਬੇਸ਼ਨਰੀ ਸੁਣਵਾਈ ਤੋਂ ਪਹਿਲਾਂ SGMA-Tule@waterboards.ca.gov **'ਤੇ ਲਿਖਤੀ ਟਿੱਪਣੀਆਂ ਭੇਜ ਸਕਦੇ ਹਨ। ਕਿਰਪਾ ਕਰਕੇ ਵਿਸ਼ਾ ਲਾਈਨ ਦੀ ਵਰਤੋਂ ਕਰੋ: "ਟਿੱਪਣੀਆਂ - ਟੂਲੇ ਸਬਬੇਸਿਨ।**

ਜਨਤਕ ਮੈਂਬਰਾਂ ਨੂੰ ਪ੍ਰੋਬੇਸ਼ਨਰੀ ਸੁਣਵਾਈ ਵਿੱਚ ਜ਼ੁਬਾਨੀ ਟਿੱਪਣੀਆਂ ਕਰਨ ਦਾ ਮੌਕਾ ਵੀ ਮਿਲੇਗਾ। ਇੱਕ ਉਪਯੋਗੀ, ਕੁਸ਼ਲ ਅਤੇ ਨਿਰਪੱਖ ਸੁਣਵਾਈ ਨੂੰ ਯਕੀਨੀ ਬਣਾਉਣ ਲਈ, ਜਿਸ ਵਿੱਚ ਸਾਰੇ ਭਾਗੀਦਾਰਾਂ ਨੂੰ ਸੁਣਨ ਦਾ ਮੌਕਾ ਹੋਵੇ, ਮੌਖਿਕ ਟਿੱਪਣੀਆਂ ਪ੍ਰਤੀ ਸਪੀਕਰ ਪੰਜ ਮਿੰਟਾਂ ਤੱਕ ਸੀਮਤ ਹੋਣਗੀਆਂ ਜਦ ਤੱਕ ਕਿ ਹੋਰ ਨਿਰਦੇਸ਼ ਨਹੀਂ ਦਿੱਤੇ ਜਾਂਦੇ। ਜੇ ਬਹੁਤ ਸਾਰੇ ਟਿੱਪਣੀਕਾਰ ਹਨ, ਤਾਂ ਬੁਲਾਰਿਆਂ ਨੂੰ ਆਪਣੀਆਂ ਟਿੱਪਣੀਆਂ ਨੂੰ ਛੋਟਾ ਕਰਨ ਲਈ ਕਿਹਾ ਜਾ ਸਕਦਾ ਹੈ ਤਾਂ ਜੋ ਸਾਰੇ ਬੁਲਾਰਿਆਂ ਨੂੰ ਵੀ ਬੋਲਣ ਦਾ ਮੌਕਾ ਮਿਲ ਸਕੇ।

<u>ਦੂਰ-ਦੁਰਾਡੇ ਬੈਠ ਕੇ ਜਾਂ ਵਿਅਕਤੀਗਤ ਤੌਰ 'ਤੇ ਹਾਜ਼ਰ ਹੋ ਕੇ ਕੋਈ ਟਿੱਪਣੀ ਦੇਣ ਲਈ</u>: ਜਨਤਕ ਬੋਰਡ ਦੀ ਸੁਣਵਾਈ ਤੋਂ ਪਹਿਲਾਂ ਜਾਂ ਉਸ ਦਿਨ, bit.ly/speaker-card-form 'ਤੇ ਸਾਡਾ ਆਨਲਾਈਨ ਫਾਰਮ ਭਰੋ। ਨੋਟ: ਫਾਰਮ 11 ਸਤੰਬਰ, 2024 ਨੂੰ ਸਵੇਰੇ 8:00 ਵਜੇ ਤੋਂ ਬਾਅਦ, ਜਵਾਬ ਸਵੀਕਾਰ ਨਹੀਂ ਕਰੇਗਾ। ਬੋਰਡ ਕਲਰਕ ਤੁਹਾਨੂੰ ਮੀਟਿੰਗ ਤੋਂ ਪਹਿਲਾਂ ਜ਼ੂਮ ਲੌਗਇਨ ਜਾਣਕਾਰੀ ਪ੍ਰਦਾਨ ਕਰੇਗਾ। ਦੂਰ-ਦੁਰਾਡੇ ਬੈਠ ਕੇ ਭਾਗ ਲੈਣ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਇੱਥੇ ਵੇਖੋ bit.ly/providingcomments